ਬ੍ਰਿਟਿਸ਼ ਕੋਲੰਬੀਆ ਵਿਚ ਤਕਰੀਬਨ 52,000 ਬਜ਼ੁਰਗਾਂ ਨਾਲ ਪਰਿਵਾਰ ਦਾ ਕੋਈ ਮੈਂਬਰ ਜਾਂ ਦੋਸਤ ਮਾਇਕ ਬੁਰਾ ਵਰਤਾਉ ਕਰ ਰਿਹਾ ਹੈ।

***ਯਾਦ ਰੱਖੋ!***

- *ਜੇ ਤੁਸੀਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਵੀ ਪੈਸੇ ਉਧਾਰ ਦਿੰਦੇ ਹੋ ਤਾਂ ਵੀ ਇਸ ਚੀਜ਼ ਬਾਰੇ* ***ਹਮੇਸ਼ਾ ਇਕ ਲਿਖਤੀ ਇਕਰਾਰਨਾਮਾ ਕਰੋ*** *ਕਿ ਇਹ ਪੈਸੇ ਕਿਵੇਂ ਅਤੇ ਕਦੋਂ ਵਾਪਸ ਮੋੜੇ ਜਾਣਗੇ। ਇਸ ਤਰੀਕੇ ਨਾਲ ਕੋਈ ਗਲਤ ਫਹਿਮੀਆਂ ਨਹੀਂ ਪੈਦਾ ਹੋਣਗੀਆਂ। ਇਸ ਇਕਰਾਰਨਾਮੇ ਨੂੰ ਆਪਣੀ ਵਸੀਅਤ ਦੇ ਨਾਲ ਕਿਸੇ ਸੁਰੱਖਿਅਤ ਥਾਂ 'ਤੇ ਰੱਖੋ।*
- *ਆਪਣੀ ਵਸੀਅਤ ਨੂੰ ਨੇਮ ਨਾਲ ਨਵੀਂ ਬਣਾਉਂਦੇ ਰਹੋ, ਖਾਸ ਕਰਕੇ ਕਿਸੇ ਮੌਤ, ਅਲਹਿਦਗੀ ਜਾਂ ਤਲਾਕ ਤੋਂ ਬਾਅਦ।*
- *ਦੁਬਾਰਾ ਵਿਆਹ ਕਰਵਾਉਣ 'ਤੇ ਨਵੀਂ ਵਸੀਅਤ ਬਣਾਉ। ਪੁਰਾਣੀ ਅਯੋਗ ਬਣ ਜਾਂਦੀ ਹੈ।*

## ਤੁਹਾਨੂੰ ਜਾਣਕਾਰੀ ਅਤੇ ਸਰਵਿਸ ਲੈਣ ਦਾ ਹੱਕ ਹੈ

- **ਜੇ ਤੁਹਾਨੂੰ ਲੋੜੀਂਦੀ ਜਾਣਕਾਰੀ ਨਹੀਂ ਮਿਲਦੀ ਤਾਂ ਇਨਚਾਰਜ ਵਿਅਕਤੀ ਨਾਲ ਗੱਲ ਕਰੋ!**
- **ਉਹ ਬਜ਼ੁਰਗਾਂ ਦੀ ਬਿਹਤਰ ਸੇਵਾ ਕਰਨਾ ਚਾਹੁੰਦੇ ਹਨ।**
- **ਹੋਰ ਜਾਣਕਾਰੀ ਇੱਥੋਂ ਮਿਲਦੀ ਹੈ:**
  - **B.C. CEAS (604) 437–1940**
  - **ਕਿਸੇ ਬਜ਼ੁਰਗ ਤੋਂ**
  - **ਆਪਣੇ ਨੋਟਰੀ ਪਬਲਿਕ ਜਾਂ ਵਕੀਲ ਤੋਂ**
  - **ਤੁਹਾਡੇ ਕਮਿਉਨਟੀ ਲਾਅ ਆਫਿਸ ਤੋਂ**

ਕਿਤਾਬਚਾ ਇਨ੍ਹਾਂ ਵਲੋਂ ਦਿੱਤਾ ਗਿਆ

**B.C. CEAS**

B.C. CENTRE FOR ELDER
ADVOCACY AND SUPPORT
(ਬਜ਼ੁਰਗਾਂ ਦੀ ਹਿਮਾਇਤ ਅਤੇ ਮਦਦ ਲਈ ਬੀ.ਸੀ. ਦਾ ਸੈਂਟਰ)

ਬਜ਼ੁਰਗਾਂ ਦੀ ਮਦਦ ਅਤੇ ਜਾਣਕਾਰੀ ਲਈ ਲਾਈਨ

ਟੈਲੀਫੋਨ : (604) 437-1940
ਦੂਰੋਂ ਮੁਫਤ : 1-866-437-1940

# ਬਜ਼ੁਰਗਾਂ ਲਈ ਪੈਸੇ ਜ਼ਰੂਰੀ ਹਨ

*ਆਪਣੇ ਪੈਸਿਆਂ, ਜਾਇਦਾਦ ਅਤੇ ਆਜ਼ਾਦੀ ਦੀ ਰੱਖਿਆ ਕਿਵੇਂ ਕਰਨੀ ਹੈ*

**B.C. CEAS**
B.C. CENTRE FOR ELDER
ADVOCACY AND SUPPORT
(ਬਜ਼ੁਰਗਾਂ ਦੀ ਹਿਮਾਇਤ ਅਤੇ ਮਦਦ ਲਈ ਬੀ.ਸੀ. ਦਾ ਸੈਂਟਰ)

# ਆਜ਼ਾਦ ਰਹਿਣ ਲਈ, ਆਪਣੀਆਂ ਚੋਣਾਂ ਬਾਰੇ ਜਾਣੋ, ਆਪਣਾ ਕੰਟਰੋਲ ਰੱਖੋ, ਭਾਵੇਂ ਤੁਹਾਡੀ ਸੰਪਤੀ ਵੱਡੀ ਨਾ ਵੀ ਹੋਵੇ।

## ਇਨ੍ਹਾਂ ਚੀਜ਼ਾਂ ਬਾਰੇ ਚੁਕੰਨੇ ਰਹੋ

***ਤੁਸੀਂ ਜਿਸ ਚੀਜ਼ 'ਤੇ ਦਸਤਖਤ ਕਰਦੇ ਹੋ:***

- ਕਿਸੇ ਨੂੰ ਮੁਖਤਾਰਨਾਮਾ ਦੇਣਾ ਅਤੇ ਕਿਸੇ ਵਲੋਂ ਨੁਮਾਇੰਦਗੀ ਕੀਤੇ ਜਾਣ ਦੇ ਇਕਰਾਰਨਾਮੇ ਕਰਨਾ। ਇਹ ਜਾਣੋ ਕਿ ਤੁਸੀਂ ਇਨ੍ਹਾਂ ਨੂੰ ਰੱਦ ਕਰ ਸਕਦੇ ਹੋ। ਲੋਨ ਲਈ ਕਿਸੇ ਨਾਲ ਦਸਤਖਤ ਕਰਨਾ।
- ਜੇ ਦੂਜਾ ਵਿਅਕਤੀ ਲੋਨ ਦਾ ਭੁਗਤਾਨ ਨਹੀਂ ਕਰਦਾ ਤਾਂ ਇਸ ਨੂੰ ਵਾਪਸ ਕਰਨਾ ਕੀ ਤੁਹਾਨੂੰ ਵਾਰਾ ਖਾਂਦਾ ਹੈ?
- ਕਿਸੇ ਨਾਲ ਬੈਂਕ ਅਕਾਊਂਟ ਸਾਂਝਾ ਕਰਨਾ ਜਾਂ ਪ੍ਰਾਪਰਟੀ ਦੀ ਮਾਲਕੀ ਸਾਂਝੀ ਕਰਨਾ।
- ਰਿਵਰਸ (ਉਲਟੇ ਪਾਸੇ ਵਾਲੀ) ਮੌਰਟਗੇਜ ਲਈ ਅਪਲਾਈ ਕਰਨਾ।
- ਕੋਈ ਕੰਡੋ ਖਰੀਦਣਾ (ਮਹੀਨਾਵਾਰ ਸਾਂਭ-ਸੰਭਾਲ ਲਈ ਕਿਹੜੇ ਵਾਧੂ ਖਰਚੇ ਪਾਏ ਜਾਣਗੇ?)।

***ਤੁਸੀਂ ਕਿਸ ਨੂੰ ਦੱਸਦੇ ਹੋ:***

- ਆਪਣੇ ਸੇਫਟੀ ਡਿਪਾਜ਼ਿਟ ਬੌਕਸ ਜਾਂ ਬੈਂਕ ਖਾਤੇ ਤੱਕ ਪਹੁੰਚ ਕਰਨ ਦੀ ਜਾਣਕਾਰੀ ਕਿਸੇ ਨੂੰ ਦੇਣਾ। ਆਪਣੀ ਚਾਬੀ ਸੁਰੱਖਿਅਤ ਥਾਂ 'ਤੇ ਰੱਖੋ ਅਤੇ ਆਪਣਾ ਪਿਨ (ਨਿੱਜੀ ਪਛਾਣ ਨੰਬਰ) ਗੁਪਤ ਰੱਖੋ।
- ਜੇ ਤੁਸੀਂ ਆਪ ਫੋਨ ਨਹੀਂ ਕੀਤਾ ਤਾਂ ਫੋਨ 'ਤੇ ਆਪਣੇ ਕਰੈਡਿਟ ਕਾਰਡ ਦੇ ਨੰਬਰ ਦੱਸਣਾ।

***ਅਤੇ ਇਹ ਕਰਨਾ ਯਾਦ ਰੱਖੋ:***

- ਆਪਣੇ ਕਰੈਡਿਟ ਕਾਰਡ ਦੇ ਨੰਬਰਾਂ ਦਾ ਰਿਕਾਰਡ ਰੱਖੋ ਤਾਂ ਜੋ ਕਾਰਡ ਦੇ ਗੁਆਚ ਜਾਣ ਦੀ ਸੂਰਤ ਵਿਚ ਤੁਹਾਨੂੰ ਨੰਬਰਾਂ ਦਾ ਪਤਾ ਹੋਵੇ।
- ਸਦਾ ਮਹੀਨਾਵਾਰ ਸਟੇਟਮੈਂਟਾਂ (ਚਿੱਠੀਆਂ) ਨੂੰ ਚੈੱਕ ਕਰੋ।
- ਘਰ ਵਿਚ ਨਗਦੀ ਰੱਖਣ ਤੋਂ ਪਰਹੇਜ਼ ਕਰੋ, ਇਹ ਚੋਰੀ ਨੂੰ ਸੱਦਾ ਦੇਣਾ ਹੈ। ਤੁਹਾਡੀ ਬੈਂਕ ਸੁਰੱਖਿਅਤ ਹੈ।

## ਜਾਣਕਾਰੀ ਲਵੋ

***ਇਨ੍ਹਾਂ ਚੀਜ਼ਾਂ ਬਾਰੇ ਪੁੱਛੋ:***

- ਬਜ਼ੁਰਗਾਂ ਲਈ ਮੁਫਤ ਵਿੱਤੀ ਸੇਵਾਵਾਂ।
- ਬਿੱਲ ਦੇਣ ਦੇ ਬਦਲਵੇਂ ਤਰੀਕੇ।
- ਪੈਸੇ ਸਿੱਧੇ ਜਮ੍ਹਾਂ ਹੋਣ ਦੇ ਫਾਇਦੇ।
- ਆਟੋਮੈਟਿਕ ਬੈਂਕ ਮਸ਼ੀਨ (ਏ ਬੀ ਐੱਮ) ਦੀ ਵਰਤੋਂ ਕਿਵੇਂ ਕਰਨੀ ਹੈ।
- ਡੈਬਿਟ ਕਾਰਡ (ਬੈਂਕ ਕਾਰਡ) ਦੀ ਵਰਤੋਂ ਕਰਨਾ, ਟੈਲੀਫੋਨ 'ਤੇ ਬੈਂਕ ਦੇ ਕੰਮ ਅਤੇ ਕੰਪਿਊਟਰ ਉੱਪਰ ਬੈਂਕ ਦੇ ਕੰਮ ਕਰਨਾ।
- ਆਪਣੀਆਂ ਬੱਚਤਾਂ (ਸੇਵਿੰਗਜ਼) ਉੱਪਰ ਜ਼ਿਆਦਾ ਆਮਦਨੀ; ਸੇਵਿੰਗਜ਼ (ਬੱਚਤ) ਖਾਤਿਆਂ ਅਤੇ ਕਿਸੇ ਮਿਆਦ ਲਈ ਜਮ੍ਹਾਂ ਕਰਵਾਏ ਜਾਣ ਵਾਲੇ ਪੈਸਿਆਂ (ਟਰਮ ਡਿਪਾਜ਼ਿਟਸ) ਦੇ ਬਦਲ। ਇਹ ਪੱਕਾ ਕਰੋ ਕਿ ਇਹ ਪੈਸੇ ਤੁਹਾਡੇ ਲਈ ਕੰਮ ਕਰਨ!
- ਨਿੱਜੀ ਸਰਵਿਸ ਲਈ ਪ੍ਰਤੀਨਿਧ - ਕਈ ਬੈਂਕਾਂ ਵਿਚ ਸ਼ੁਰੂ ਕੀਤੀ ਜਾ ਰਹੀ ਇਕ ਨਵੀਂ ਸਰਵਿਸ।
- ਇਕ ਬੈਂਕ ਮੁਖਤਾਰਨਾਮਾ।
- ਟੈਕਸਾਂ ਨੂੰ ਲਮਕਾਉਣਾ।

**ਤੁਹਾਡੀ ਬੈਂਕ, ਕਰੈਡਿਟ ਯੂਨੀਅਨ ਜਾਂ ਟਰੱਸਟ ਕੰਪਨੀ ਤੋਂ ਸਲਾਹ ਮਿਲਦੀ ਹੈ**

## ਆਪਣਾ ਸਮਾਂ ਲਾਵੋ

- ਪਤਨੀ/ਪਤੀ ਦੀ ਮੌਤ, ਤਲਾਕ ਤੋਂ ਬਾਅਦ ਆਪਣੀ ਜ਼ਿੰਦਗੀ ਵਿਚ ਵੱਡੀਆਂ ਤਬਦੀਲੀਆਂ ਕਰਨ ਤੋਂ ਪਹਿਲਾਂ ***ਜੇ ਸੰਭਵ ਹੋਵੇ ਤਾਂ ਇਕ ਸਾਲ ਲਾਵੋ।***

## ਧਿਆਨ ਨਾਲ ਵਿਚਾਰ ਕਰੋ

- ਨਗਦੀ ਜਾਂ ਕਰਜ਼ੇ ਲਈ ਕਿਸੇ ਵਲੋਂ ਕੀਤੀ ਗਈ ਕੋਈ ਵੀ ਬੇਨਤੀ, ਭਾਵੇਂ ਇਹ ਰਿਸ਼ਤੇਦਾਰਾਂ ਜਾਂ ਦੋਸਤਾਂ ਵਲੋਂ ਹੀ ਹੋਈ ਹੋਵੇ।
- ਕੋਈ ਵੀ ਅਜਿਹੇ ਸੁਝਾਅ ਜਿਹੜੇ ਤੁਹਾਡੇ ਰਹਿਣ-ਸਹਿਣ ਦੇ ਤਰੀਕਿਆਂ ਵਿਚ ਤਬਦੀਲੀ ਲਈ ਕਹਿੰਦੇ ਹੋਣ।

## ਕਾਹਲੀ ਨਾ ਕਰੋ

- ਕਿਸੇ ਵੱਡੀ ਬੀਮਾਰੀ ਜਾਂ ਸੱਟ ਤੋਂ ਬਾਅਦ, ਆਪਣੀਆਂ ਸਾਰੀਆਂ ਚੋਣਾਂ 'ਤੇ ਵਿਚਾਰ ਕਰੋ।
- ਦਬਾਅ ਥੱਲੇ ਫੈਸਲੇ ਕਰਨ ਦਾ ਵਿਰੋਧ ਕਰੋ।
- ਤੁਹਾਡੇ ਰਾਜ਼ੀ ਹੋਣ ਨਾਲ ਤੁਹਾਨੂੰ ਆਪਣੀ ਆਜ਼ਾਦੀ ਜ਼ਿਆਦਾ ਮਹੱਤਵਪੂਰਨ ਲੱਗ ਸਕਦੀ ਹੈ।

## ਘੋਟਾਲਿਆਂ ਤੋਂ ਸਾਵਧਾਨ ਰਹੋ

- ਇਹ ਤੁਹਾਡੇ ਪੈਸੇ ਹਨ!
- ਜੇ ਤੁਸੀਂ ਚਾਹੁੰਦੇ ਹੋ ਤਾਂ "**ਨਹੀਂ**" ਕਹਿਣਾ ਤੁਹਾਡਾ ਹੱਕ ਹੈ

**B.C. CEAS**

**B.C. CENTRE FOR ELDER ADVOCACY AND SUPPORT**
**(ਬਜ਼ੁਰਗਾਂ ਦੀ ਹਿਮਾਇਤ ਅਤੇ ਮਦਦ ਲਈ ਬੀ.ਸੀ. ਦਾ ਸੈਂਟਰ)**